# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/ 71266-71306
ਮਿਤੀ,ਚੰਡੀਗੜ੍ਹ 23 ਨਵੰਬਰ, 2010

**ਵਿਸ਼ਾ :- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਦਸਵੀਂ ਜਮਾਤਾਂ ਤੱਕ ਦੇ ਵਿਦਿਆਰਥੀਆਂ ਦਾ ਟੈਸਟ ਲੈਣ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ: ਸਸਅ/ਐਮਸੀ/2010/53042-53080 ਮਿਤੀ, ਚੰਡੀਗੜ੍ਹ 17-08-2010 ਵੱਲ ਦਿਵਾਇਆ ਜਾਂਦਾ ਹੈ ਜਿਸ ਰਾਹੀਂ ਆਪ ਨੂੰ ਸੂਚਿਤ ਕੀਤਾ ਗਿਆ ਸੀ ਕਿ ਸਿੱਖਿਆ ਦੇ ਮਿਆਰ ਨੂੰ ਉਪਰ ਚੁੱਕਣ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਲਏ ਗਏ ਫੈਸਲੇ ਅਨੁਸਾਰ ਜਮਾਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਅੰਗਰੇਜ਼ੀ, ਸਮਾਜਿਕ ਸਿੱਖਿਆ, ਗਣਿਤ, ਵਿਗਿਆਨ, ਹਿੰਦੀ ਅਤੇ ਪੰਜਾਬੀ ਦੇ ਮਹੀਨਾਵਾਰ ਟੈਸਟ ਲਏ ਜਾ ਰਹੇ ਹਨ ਜੋ ਕਿ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸਿੱਖਿਆ ਦੇ ਲਗਾਤਾਰ ਮੁਲਾਂਕਣ ਸਕੀਮ ਅਧੀਨ ਬਹੁਤ ਲਾਜ਼ਮੀ ਅਤੇ ਅਹਿਮ ਹਨ। ਸਮੇਂ-ਸਮੇਂ ਸਿਰ ਹੋਈਆਂ ਮੀਟਿੰਗਾਂ ਦੌਰਾਨ ਮਹੀਨਾਵਾਰ ਟੈਸਟਾਂ ਦੇ ਸਬੰਧ ਵਿੱਚ ਇਸ ਦਫ਼ਤਰ ਨੂੰ ਕੁੱਝ ਸੁਝਾਅ ਪ੍ਰਾਪਤ ਹੋਏ ਹਨ। ਇਨ੍ਹਾਂ ਸੁਝਾਵਾਂ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨਾਲ ਮਿਤੀ 12-08-2010 ਨੂੰ ਹੋਈ ਮਹੀਨਾਵਾਰ ਮੀਟਿੰਗ ਵਿੱਚ ਚੰਗੀ ਤਰ੍ਹਾਂ ਵਿਚਾਰਿਆ ਗਿਆ ਹੈ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਫੈਸਲੇ ਲਏ ਗਏ ਹਨ :-

2.1 ਸਾਰੀਆਂ ਜਮਾਤਾਂ ਲਈ ਲਏ ਜਾਣ ਵਾਲੇ ਟੈਸਟਾਂ ਦੀਆਂ ਮਿਤੀਆਂ ਜਮਾਤ ਵਾਈਜ਼ ਅਤੇ ਵਿਸ਼ਾ ਵਾਈਜ਼ ਇੱਕ ਮਹੀਨਾ ਅਗਾਊ ਵੈੱਬ-ਸਾਈਟ ਤੇ ਪਾ ਦਿੱਤੀਆਂ ਜਾਇਆ ਕਰਨਗੀਆਂ ਅਤੇ ਉਸ ਮੁਤਾਬਿਕ ਜਮਾਤਾਂ ਦਾ ਮਹੀਨਾਵਾਰ ਟੈਸਟ ਲੈਣਾ ਜ਼ਰੂਰੀ ਹੋਵੇਗਾ । ਇਸ ਲਈ ਬਕਾਇਦਾ ਤੌਰ ਤੇ ਸਰਵ ਸਿੱਖਿਆ ਅਭਿਆਨ ਦੀ ਵੈੱਬ-ਸਾਈਟ ਛੇਵੀਂ ਤੋਂ ਦਸਵੀਂ ਤੱਕ ਜਮਾਤਾਂ ਲਈ ਗਣਿਤ, ਅੰਗਰੇਜ਼ੀ, ਸਮਾਜਿਕ ਸਿੱਖਿਆ, ਵਿਗਿਆਨ, ਪੰਜਾਬੀ ਅਤੇ ਹਿੰਦੀ ਦੇ ਮਹੀਨਾਵਾਰ ਸਿਲੇਬਸ ਦੀ ਵੰਡ ਵਿੱਚ ਪਾਈ ਗਈ ਹੈ।

2.2 ਹਰ ਸਬੰਧਤ ਅਧਿਆਪਕ ਇਨ੍ਹਾਂ ਮਹੀਨਾਵਾਰ ਟੈਸਟਾਂ ਦਾ ਸਮੁੱਚਾ ਰਿਕਾਰਡ ਪੂਰੇ ਸਾਲ ਲਈ ਸੁਰੱਖਿਅਤ ਰੱਖੇਗਾ ਅਤੇ ਬੱਚਿਆਂ ਵੱਲੋਂ ਪ੍ਰਾਪਤ ਕੀਤੇ ਗਏ ਅੰਕਾਂ ਦਾ ਪੂਰਾ ਵੇਰਵਾ ਮੁੱਖ ਦਫ਼ਤਰ ਵੱਲੋਂ ਬਣਾਏ ਗਏ ਸਾਫ਼ਟਵੇਅਰ ਵਿੱਚ ਇਸ ਦੇ ਡਾਟੇ ਦੀ ਐਂਟਰੀ ਸਬੰਧਤ ਕੰਪਿਊਟਰ ਟੀਚਰ ਦੀ ਸਹਾਇਤਾ ਨਾਲ ਦਰਜ ਕਰਨੀ

ਜ਼ਰੂਰੀ ਹੋਵੇਗੀ ਤਾਂ ਜੋ ਮੁੱਖ ਦਫ਼ਤਰ ਵੱਲੋਂ ਲੋੜੀਂਦੀਆਂ ਰਿਪੋਰਟਾਂ ਆਪਣੇ ਆਪ ਹੀ ਜਨਰੇਟ ਕਰ ਲਈਆਂ ਜਾਣ।

2.3 ਭਾਰਤ ਸਰਕਾਰ ਵੱਲੋਂ ਨਵੇਂ ਬਣਾਏ ਬੱਚਿਆਂ ਦੇ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009 ਤਹਿਤ ਹਰੇਕ ਵਿਦਿਆਰਥੀ ਦਾ ਇਵੈਲੂਏਸ਼ਨ ਕੰਟੀਨੂਅਸ ਅਤੇ ਕੰਪਰੀਹੈਂਸਿਵ ਹੋਣਾ ਚਾਹੀਦਾ ਹੈ ਅਤੇ ਇਸ ਸਬੰਧ ਵਿੱਚ ਹਰੇਕ ਵਿਦਿਆਰਥੀ ਦੇ ਮੁਲਾਂਕਣ ਲਈ ਰੈਗੂਲਰ ਤੌਰ ਤੇ ਰਿਕਾਰਡ ਰੱਖਿਆ ਜਾਣਾ ਲਾਜ਼ਮੀ ਹੈ। ਇਸ ਨੂੰ ਮੁੱਖ ਰੱਖਦਿਆਂ ਮੁੱਖ ਦਫ਼ਤਰ ਵੱਲੋਂ ਸਮੂਹ ਸਕੂਲਾਂ ਨੂੰ ਮਹੀਨਾਵਾਰ ਟੈਸਟਾਂ ਦਾ ਰਿਕਾਰਡ ਰੱਖਣ ਲਈ ਰਜਿਸਟਰ ਮੁਹੱਈਆ ਕਰਵਾਏ ਗਏ ਹਨ। ਇਸ ਸਬੰਧ ਵਿੱਚ ਵਿਦਿਆਰਥੀਆਂ ਵੱਲੋਂ ਪ੍ਰਾਪਤ ਸਾਰੇ ਅੰਕਾਂ ਦਾ ਵੇਰਵਾ ਇਸ ਰਜਿਸਟਰ ਵਿੱਚ ਦਰਜ਼ ਕਰਨਾ ਸਬੰਧਤ ਸਕੂਲ ਮੁੱਖੀ ਅਤੇ ਕਲਾਸ ਇਨਚਾਰਜ ਦੀ ਜ਼ਿੰਮੇਵਾਰੀ ਹੈ। ਪਰੰਤੂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਰਿਕਾਰਡ ਨੂੰ ਅਗਾਂਹ ਕਿਸੇ ਵੀ ਦਫ਼ਤਰ ਯਾਨੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ/ਜ਼ਿਲ੍ਹਾ ਸਿੱਖਿਆ ਅਫ਼ਸਰ/ਮੁੱਖ ਦਫ਼ਤਰ ਨੂੰ ਭੇਜਣ ਦੀ ਲੋੜ ਨਹੀਂ ਹੈ।

2 4 ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਬਿਨਾਂ ਵਜ੍ਹਾ ਸਕੂਲਾਂ ਤੋਂ ਇਸ ਸਬੰਧ ਵਿੱਚ ਕੋਈ ਡਾਕ ਨਾ ਇੱਕਠੀ ਕੀਤੀ ਜਾਵੇ।

2.5 ਇਨ੍ਹਾਂ ਮਹੀਨਾਵਾਰ ਟੈਸਟਾਂ ਵਿੱਚ ਪੂਰੀ ਤਰ੍ਹਾਂ ਨਕਲ ਨੂੰ ਰੋਕਣ ਦੀ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਅਤੇ ਵਿਸ਼ਾ ਅਧਿਆਪਕ ਦੀ ਹੋਵੇਗੀ। ਜੇਕਰ ਇਹ ਪਾਇਆ ਜਾਂਦਾ ਹੈ ਕਿ ਵਿਸ਼ਾ ਅਧਿਆਪਕ ਵੱਲੋਂ ਇਸ ਸਬੰਧ ਵਿੱਚ ਕੋਈ ਵਿਸ਼ੇਸ਼ ਤਰ੍ਹਾਂ ਵਿਦਿਆਰਥੀਆਂ ਦੀ ਮਦਦ ਕੀਤੀ ਜਾ ਰਹੀ ਹੈ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

2.6 ਵਿਸ਼ਾ ਅਧਿਆਪਕਾਂ ਦੁਆਰਾ ਬਕਾਇਦਾ ਪੇਪਰ ਚੈੱਕ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਦਿਖਾਏ ਜਾਣਾ ਲਾਜ਼ਮੀ ਹੋਵੇਗਾ ਤਾਂ ਜੋ ਵਿਦਿਆਰਥੀ ਆਪਣੀਆਂ ਗਲਤੀਆਂ ਨੂੰ ਵੇਖ ਸਕਣ ਅਤੇ ਭਵਿੱਖ ਵਿੱਚ ਉਸ ਦਾ ਸੁਧਾਰ ਕਰ ਸਕਣ।

2.7 ਵਿਸ਼ਾ ਅਧਿਆਪਕਾਂ ਵੱਲੋਂ ਵਿਗਿਆਰਥੀਆਂ ਨੂੰ ਪੇਪਰ ਕਰਨ ਉਪਰੰਤ ਸਿਰਫ਼ ਪ੍ਰਾਪਤ ਅੰਕ ਦੱਸਣਾ ਉਚਿਤ ਨਹੀਂ ਅਤੇ ਚੈੱਕ ਹੋਇਆ ਪੇਪਰ ਦਿਖਾਣਾ ਵੀ ਲਾਜ਼ਮੀ ਹੈ।

2.8 ਮਹੀਨਾਵਾਰ ਟੈਸਟਾਂ ਵਿੱਚ ਗੈਰ-ਹਾਜ਼ਰ ਹੋਣ ਵਾਲੇ ਵਿਦਿਆਰਥੀਆਂ ਦਾ ਦੁਬਾਰਾ ਟੈਸਟ ਲੈਣਾ ਲਾਜ਼ਮੀ ਹੋਵੇਗਾ। ਇਸ ਸਬੰਧ ਵਿੱਚ ਵਿਸ਼ਾ ਅਧਿਆਪਕ ਨੂੰ ਵਿਦਿਆਰਥੀ ਦੇ ਮੁੜ ਸਕੂਲ ਹਾਜ਼ਰ ਹੋਣ ਤੇ ਉਸ ਦਾ ਟੈਸਟ ਜਮਾਤ ਵਿੱਚ ਹੀ ਲੈਣ ਦੀ ਹਦਾਇਤ ਕੀਤੀ ਜਾਂਦੀ ਹੈ। ਸਾਫ਼ਟ ਵੇਅਰ ਵਿੱਚ ਵਿਦਿਆਰਥੀਆਂ ਦੇ ਅੰਕਾ ਦੀ ਡਾਟਾ ਐਂਟਰੀ ਹੋਣ ਤੇ ਸਕੂਲ ਮੁੱਖੀ ਇਸ ਦਾ ਆਪਣੇ ਲੈਵਲ ਤੇ ਵਿਸ਼ਲੇਸ਼ਣ ਕਰੇ ਤੇ ਜ਼ਰੂਰਤ ਮੁਤਾਬਿਕ ਜਿਸ ਜਮਾਤ ਦੇ ਜਿਸ ਵਿਸ਼ੇ ਵਿੱਚ ਵਿਦਿਆਰਥੀ ਕਮਜ਼ੋਰ ਪਾਏ ਜਾਣ, ਉਸ ਵਿਸ਼ੇ ਦੇ ਅਧਿਆਪਕ ਨੂੰ ਉਸ ਜਮਾਤ ਲਈ ਹੋਰ ਮਿਹਨਤ ਕਰਨ ਲਈ

ਉਚਿਤ ਆਦੇਸ਼ ਦਿੱਤੇ ਜਾਣ। ਸਕੂਲ ਮੁੱਖੀ ਵੱਲੋਂ ਵੀ ਆਪ ਵੀ ਵਿਸ਼ੇਸ਼ ਰੁੱਚੀ ਲੈ ਕੇ ਉਸ ਜਮਾਤ ਦਾ ਕਦੀ ਕਦੀ ਪੀਰੀਅਡ ਲਿਆ ਜਾਵੇ । ਅਗਰ ਫਿਰ ਵੀ ਕੋਈ ਵੀ ਅਧਿਆਪਕ ਇਸ ਮਹੀਨਾਵਾਰ ਟੈਸਟ ਲਈ ਕੋਈ ਕੁਤਾਹੀ ਕਰਦਾ ਹੈ ਤਾਂ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

2.9 ਪੇਪਰ ਵਾਲੇ ਦਿਨ ਹੈੱਡ-ਆਫ਼ਿਸ ਤੋਂ ਵੈੱਬ-ਸਾਈਟ ਰਾਹੀਂ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਸ਼ਨ ਪੱਤਰ ਅਪਲੋਡ ਕੀਤੇ ਜਾਂਦੇ ਹਨ। ਜੇਕਰ ਵੈੱਬ-ਸਾਈਟ ਤੇ ਜ਼ਿਆਦਾ ਲੋਡ ਹੋਣ ਕਾਰਨ ਪੇਪਰ ਨੂੰ ਡਾਊਨ ਲੋਡ ਕਰਨਾ ਸੰਭਵ ਨਾ ਹੋਵੇ ਤਾਂ ਡੀ.ਐਸ.ਐਸ. ਦੁਆਰਾ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਈ-ਮੇਲ ਰਾਹੀਂ ਭੇਜੇ ਪੇਪਰ ਨੂੰ ਡਾਊਨ ਲੋਡ ਕਰ ਲਿਆ ਜਾਵੇ । ਸਕੂਲ ਮੁੱਖੀ ਆਪਣੀ ਸੁਵਿਧਾ ਅਨੁਸਾਰ ਵੈੱਬ-ਸਾਈਟ ਜਾਂ ਈ-ਮੇਲ ਰਾਹੀਂ ਪੇਪਰ ਡਾਊਨਲੋਡ ਕਰ ਸਕਦੇ ਹਨ।

2.10 ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**

ਪਿਠਅੰਕਣ ਨੰ: ਮਿਤੀ,ਚੰਡੀਗੜ੍ਹ

ਉਤਾਰਾ :-

1. ਮੰਡਲ ਸਿੱਖਿਆ ਅਫ਼ਸਰ, ਜਲੰਧਰ/ਨਾਭਾ/ਫਰੀਦਕੋਟ।
2. ਡੀ.ਪੀ.ਆਈ.(ਸੈ.ਸਿ.) ਪੰਜਾਬ, ਚੰਡੀਗੜ੍ਹ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ**